**BUDHA DAL PUBLIC SCHOOL PATIALA**
**Final Examination (16 March 2026)**
**Class - VII**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ – ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ–ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6)

ਝੂਠ ਬੋਲਣਾ ਪਾਪ ਮੰਨਿਆ ਗਿਆ ਹੈ ਤੇ ਸੱਚ ਬੋਲਣਾ ਇੱਕ ਵੱਡਾ ਧਰਮ। ਇਸ ਸਿੱਟੇ ਨੂੰ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਕੋਈ ਸਮਝਦਾਰ ਮਨੁੱਖ ਖੰਡਨ ਕਰਨ ਦਾ ਜਤਨ ਭਲਾ ਕਿਉਂ ਕਰੇਗਾ? ਪਰ ਫੇਰ ਇਸ ਸਿਧਾਂਤ ਬਾਰੇ ਕਈ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਆਖੇ ਬਿਨਾਂ ਜ਼ਬਾਨ ਰੁੱਕ ਨਹੀਂ ਸਕਦੀ। ਝੂਠ ਮਿੱਠਾ ਹੁੰਦਾ ਹੈ, ਇਸ ਨੂੰ ਬਜ਼ੁਰਗਾਂ ਨੇ ਮੰਨਿਆ ਹੈ। ਸਿਆਣਿਆਂ ਦਾ ਕਹਿਣਾ ਹੈ, 'ਸੱਚ ਮਿਰਚਾਂ ਤੇ ਝੂਠ ਗੁੜ'। ਕਿਸੇ ਭੈੜੇ ਆਦਮੀ ਨੂੰ ਭੈੜਾ ਕਹੋ, ਜ਼ਾਲਮ ਨੂੰ ਜ਼ਾਲਮ ਅਤੇ ਮੂਰਖ ਨੂੰ ਮੂਰਖ ਤਾਂ ਉਹ ਸੁਣ ਕੇ ਕ੍ਰੋਧਵਾਨ ਹੋਵੇਗਾ ਤੇ ਸਮਰੱਥਾ ਅਨੁਸਾਰ ਇਸ ਅਣਭਾਉਂਦੇ ਸੱਚ ਬੋਲਣ ਵਾਲ਼ੇ ਨੂੰ ਕਸ਼ਟ ਦੇਣ ਦਾ ਜਤਨ ਕਰੇਗਾ। ਇਸੇ ਲਈ ਪੁਰਾਣੇ ਸਮਿਆਂ ਵਿੱਚ ਜਦ ਕਈ ਰਾਜਿਆਂ ਨੇ ਰਈਸਾਂ ਨੂੰ ਉਨ੍ਹਾਂ ਦੀ ਕਿਸੇ ਗਲਤੀ ਦੀ ਚਿਤਾਵਨੀ ਦੇਣੀ ਹੁੰਦੀ ਸੀ ਤਾਂ ਉਨ੍ਹਾਂ ਦੇ ਦਰਬਾਰੀ ਕਿਸੇ ਸੁੰਦਰ ਜਾਂ ਮਨੋਰੰਜਕ ਝੂਠੇ ਸਵਾਂਗਾਂ ਰਾਹੀਂ ਉਨ੍ਹਾਂ ਦਾ ਧਿਆਨ ਇਸ ਪਾਸੇ ਖਿੱਚਦੇ ਸਨ।

**ਉਪਰੋਕਤ ਪੈਰੇ ਦੇ ਅਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ–**

(ੳ) ਝੂਠ ਬੋਲਣ ਅਤੇ ਸੱਚ ਬੋਲਣ ਨੂੰ ਕੀ ਮੰਨਿਆ ਗਿਆ ਹੈ?

(ਅ) ਸਿਆਣਿਆਂ ਦਾ ਕਹਿਣਾ ਕੀ ਹੈ?


(ੲ) ਜੇ ਕਿਸੇ ਮੂਰਖ ਨੂੰ ਮੂਰਖ ਕਿਹਾ ਜਾਵੇਗਾ ਤਾਂ ਉਸ ਦਾ ਕੀ ਨਤੀਜਾ ਹੋਵੇਗਾ?

(ਸ) ਪੁਰਾਣੇ ਸਮਿਆਂ ਵਿੱਚ ਕਿਸੇ ਦੀ ਭੁੱਲ ਨੂੰ ਕਿਵੇਂ ਚਿਤਾਰਿਆ ਜਾਂਦਾ ਸੀ?

(ਹ) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਓ।

ਕ) ਸਿਆਣਿਆਂ ਦਾ ਕੀ ਕਹਿਣਾ ਹੈ?

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40–50 ਸ਼ਬਦਾਂ ਵਿੱਚ ਲਿਖੋ। (4)



B-1

Scanned with OKEN Scanner

## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (2)

ਸੰਪਾਦਕ, ਪੰਜਾਬੀ, ਫੁੱਫੜ, ਬਾਦਸ਼ਾਹ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (2)

ਸ਼ੇਰਨੀ, ਭਤੀਜਾ, ਲੈ, ਕਨਸੋਂ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (2)

ਵੈਰੀ, ਸ਼ਹਿਰੀ, ਜਿੱਤਣਾ, ਗੁਪਤ

4) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (2)

ਬਹਾਦਰ, ਗਿਆਨ

5) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਤੇ ਇੱਕ ਸ਼ਬਦ ਲਿਖੋ:** (2)

ੳ) ਉਹ ਵਿਅਕਤੀ ਜੋ ਦੋ ਸਿਰਾਂ/ਧਿਰਾਂ ਵਿੱਚਕਾਰ ਗੱਲਬਾਤ ਕਰਾਵੇ –

ਅ) ਇੱਕੋ ਜਮਾਤ ਵਿੱਚ ਪੜ੍ਹਨ ਵਾਲੇ –

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਬੇ, ਗੈਰ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਦਾਨੀ, ਗੀ

8) **ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) ਛੋਟੀ ਨਾ ਦੇਖ ................।

ਅ) ਕੋਹ ਨਾ ਚੱਲੀ ................ ।

9) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (2)

ਸਧਾਰਣ, ਮੈਹਕਮਾ, ਵੇਹਲ, ਸੌਹਰਾ

10) **ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਓ:** (4)

ਪੱਕਾ, ਵਾਰ

11) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:** (3

ੳ) ਖੰਭ ਲੱਗ ਜਾਣਾ ਅ) ਗੁੱਡੀ ਚੜ੍ਹਨੀ ੲ) ਘੁਲ-ਮਿਲ ਜਾਣਾ

12) **ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਬਣਾਓ:** (1

ਮੂਰਤੀ ਦੀ ਕਲਾ, ਸ਼ਬਦਾਂ ਦੀ ਰਚਨਾ

13) **ਹੇਠ ਲਿਖੇ ਵਾਕ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਉਸ ਦੀ ਕਿਸਮ ਵੀ ਲਿਖੋ:** (

ਜਿਹੜੇ ਸ਼ਹਿਰ ਦੀ ਵਸੋਂ ਘੱਟ ਹੈ ਉੱਥੇ ਪ੍ਰਦੂਸ਼ਣ ਘੱਟ ਹੈ।

P.T.O.

Scanned with OKEN Scanner

(ਹੇ)ਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਹਰਮੀਤ ਮੈਨੂੰ ਵਾਰ-ਵਾਰ ਪਰੇਸ਼ਾਨ ਕਰ ਰਹੀ ਹੈ।

15) **ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:** (1)

ਅਫਸੋਸ ਮੇਰਾ ਕੁਝ ਨਹੀਂ ਬਣਿਆ

## ਪਾਠ ਪੁਸਤਕ ਤੇ ਅਧਾਰਿਤ

1) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) 'ਰੰਗਲਾ ਪੰਜਾਬ' ਕਵਿਤਾ ਵਿੱਚ ਕਿਸ ਦੇ ਵਹਿਣ ਨੂੰ ਰੋਕਣ ਲਈ ਕਿਹਾ ਗਿਆ ਹੈ?
ਅ) ਤੁਸੀਂ ਆਕਸੀਜਨ ਕਿੱਥੋਂ ਪ੍ਰਾਪਤ ਕਰਦੇ ਹੋ?
ੲ) ਪਿੰਡ ਵਿੱਚ ਸਭ ਤੋਂ ਇਮਾਨਦਾਰ ਆਦਮੀ ਕੌਣ ਸੀ?
ਸ) ਬਾਬਾ ਦੀਪ ਸਿੰਘ ਜੀ ਦਾ ਜਨਮ ਕਦੋਂ ਹੋਇਆ ਸੀ?
ਹ) ਅੱਜ ਲੋਕ ਦੀ ਸਭ ਤੋਂ ਹਰਮਨ-ਪਿਆਰੀ ਖੇਡ ਕਿਹੜੀ ਹੈ?
ਕ) ਪਹਿਲੇ ਸਮੇਂ ਵਿੱਚ ਲੋਕ ਕਿਹੜੇ ਵਾਹਨ ਦਾ ਪ੍ਰਯੋਗ ਕਰਦੇ ਸਨ?
ਖ) ਅਧਿਆਪਕ ਦੀਆਂ ਅੱਖਾਂ ਵਿੱਚ ਅੱਥਰੂ ਕਿਉਂ ਆ ਗਏ?

2) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਵਰਤ ਕਿਉਂ ਰੱਖੇ ਜਾਂਦੇ ਹਨ?
ਅ) ਨਿਰਭੈ ਦੀ ਉਦਾਸੀ ਦਾ ਕੀ ਕਾਰਨ ਸੀ?
ੲ) ਸੂਰਯ ਕੁਮਾਰ ਯਾਦਵ ਨੇ ਕਿਸ ਤਰ੍ਹਾਂ ਦਾ ਇਤਿਹਾਸ ਬਣਾ ਦਿੱਤਾ?
ਸ) ਬਾਬਾ ਦੀਪ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਲਿਖੋ।
ਹ) ਪਿੰਡ ਦੇ ਆਦਮੀ ਨੇ ਸਾਬਕਾ ਸਰਪੰਚ ਬਾਰੇ ਬਜ਼ੁਰਗ ਨੂੰ ਕੀ ਜਾਣਕਾਰੀ ਦਿੱਤੀ?
ਕ) 'ਪਰਾਬੈਂਗਣੀ' ਕਿਰਨਾਂ ਕੀ ਨੁਕਸਾਨ ਪਹੁੰਚਾਉਂਦੀਆਂ ਹਨ?

3) **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਗੱਭਰੂ, ਜਿਸਮ, ਨਿਮਰਤਾ, ਪੁਰਸਕਾਰ, ਅਜੂਬਾ

4) **ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2

1. "ਕਹਿੰਦੇ ਹਨ ਕਿ ਤਲਸੀ ਦੇ ਪੱਤੇ ਦੰਦਾ ਨਾਲ ਨਹੀਂ ਚਬਾਉਣੇ ਚਾਹੀਦੇ।"
2. "ਕੀ ਮੇਰੇ ਕੋਲੋਂ ਕੋਈ ਗ਼ਲਤੀ ਹੋ ਗਈ ਹੈ, ਤੁਸੀਂ ਖਾਣਾ ਖਾਧੇ ਬਿਨ੍ਹਾਂ ਜਾ ਰਹੇ ਹੋ।"

B-

Scanned with OKEN Scanner

5) **ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।:** **(3)**

ਰੀਝਾਂ ਨਾਲ ਜਿਹੜੀ ਪੁੱਤਾਂ ਨੂੰ ਹੈ ਪਾਲਦੀ,
ਰੂੜੀ ਉੱਤੇ ਵੇਖ ਲਾਸ਼ ਪਈ ਲਾਲ ਦੀ,
ਪਿੱਟ-ਪਿੱਟ ਸੀਨਾ ਉਸ ਨੇ ਸਜਾ ਲਿਆ,
ਰੰਗਲਾ ਪੰਜਾਬ ਨਸ਼ਿਆਂ ਨੇ ਖਾ ਲਿਆ।

1. ਇਹ ਕਾਵਿ-ਟੋਟਾ ਕਿਸ ਕਵਿਤਾ ਵਿੱਚੋ ਲਿਆ ਗਿਆ ਹੈ ਅਤੇ ਇਸ ਦੇ ਕਵੀ ਦਾ ਨਾਂ ਦੱਸੋ।
2. ਮਾਂ ਪੁੱਤਰ ਨੂੰ ਕਿਵੇਂ ਪਾਲਦੀ ਹੈ?
3. 'ਰੀਝਾਂ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** **(8)**

**ਰਾਣੀ ਲਕਸ਼ਮੀ ਬਾਈ**

ਨੁਕਤੇ -

ਜਾਣ-ਪਛਾਣ, ਮੁਢਲਾ ਜੀਵਨ, ਵਿਆਹ ਅਤੇ ਸੰਤਾਨ, ਮੁਸੀਬਤਾਂ ਦਾ ਪਹਾੜ ਟੁੱਟਣਾ, ਪੁੱਤਰ ਗੋਦ ਲੈਣਾ, ਰਾਜੇ ਦਾ ਦੇਹਾਂਤ, ਅੰਗਰੇਜ਼ਾਂ ਦੇ ਜ਼ੁਲਮ, ਰਾਣੀ ਦੀਆਂ ਨੀਤੀਆਂ ਅਤੇ ਹਿੰਮਤ, ਅੰਗਰਜ਼ਾਂ ਨਾਲ ਯੁੱਧ ਅਤੇ ਸ਼ਹੀਦੀ ਸਾਰਾਂਸ਼।

**ਜਾਂ**

**ਚੰਗੇ ਵਿਦਿਆਰਥੀ ਦੇ ਗੁਣ**

ਨੁਕਤੇ -

ਜਾਣ-ਪਛਾਣ, ਮਾਪਿਆਂ, ਅਧਿਆਪਕਾਂ ਤੇ ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ, ਸਮੇਂ ਦੇ ਪਾਬੰਦ ਹੋਣਾ, ਮਨ ਲਗਾ ਕੇ ਪੜ੍ਹਨਾ ਤੇ ਖੇਡਾਂ ਵਿੱਚ ਭਾਗ ਲੈਣਾ, ਅਨੁਸ਼ਾਸਨ ਵਿੱਚ ਰਹਿਣਾ, ਦੇਸ਼ ਪ੍ਰਤੀ ਜ਼ਿੰਮੇਵਾਰੀ, ਚੰਗੀ ਖੁਰਾਕ ਅਤੇ ਚੰਗੀ ਸਿਹਤ, ਚੰਗੀ ਸੰਗਤ ਕਰਨੀ, ਉੱਚ ਵਿਚਾਰਾਂ ਦਾ ਧਾਰਨੀ, ਸਾਰਾਂਸ਼।

2) **ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਇੱਕ ਪੱਤਰ ਲਿਖੋ:** **(7)**

ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਸਕੂਲ ਦੀ ਲਾਇਬ੍ਰੇਰੀ ਵਿੱਚ ਹੋਰ ਸਹੂਲਤਾਂ ਲਈ ਕੁਝ ਸੁਝਾਅ ਦਿਓ।

**ਜਾਂ**

ਆਪਣੇ ਮਿੱਤਰ/ ਸਹੇਲੀ ਨੂੰ ਸੱਤਵੀਂ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਉਣ 'ਤੇ ਵਧਾਈ ਪੱਤਰ ਲਿਖੋ।

Scanned with OKEN Scanner